# ‘ਅੱਗੇ ਵਧੀ ਜਾਣਾ ਹੀ ਮੇਰਾ ਮਕਸਦ ਹੈ’

## ਪੰਜਾਬੀ ਸਟੇਜਾਂ ਦੀ ਮਲਿਕਾ ਆਸ਼ਾ ਸ਼ਰਮਾ ਨਾਲ ਖਾਸ ਗੱਲਬਾਤ

ਆਸ਼ਾ ਸ਼ਰਮਾ ਹੁਣ ਅਮਰੀਕਾ ਦੇ ਬੇਅ ਏਰੀਆ ‘ਚ ਵਸਦੀ ਹੈ। ਉਹ ਉਥੋਂ ਚੱਲਦੇ ਰੇਡੀਓ ਚੈਨਲ ਗੀਤ ਸੰਗੀਤ ਨਾਲ ਜੁੜੀ ਹੋਈ ਹੈ। ਇਸ ਤੋਂ 24 ਘੰਟੇ ਧਾਰਮਿਕ ਤੇ ਸੱਭਿਆਚਾਰਕ ਪ੍ਰੋਗਰਾਮ, ਟਾਕ ਸ਼ੋਅ ਪ੍ਰਸਾਰਤ ਹੁੰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਉਹ ਵਿਦੇਸ਼ਾਂ ਵਿਚ ਹੁੰਦੇ ਸੱਭਿਆਚਾਰਕ ਪ੍ਰੋਗਰਾਮਾਂ ਦੌਰਾਨ ਸਟੇਜ ਸੰਚਾਲਨ ਵੀ ਕਰਦੀ ਹੈ। ਉਸ ਨੂੰ ਪੰਜਾਬੀ ਦੇ ਉਭਰਦੇ ਗਾਇਕਾਂ ਤੋਂ ਲੈ ਕੇ ਗੁਰਦਾਸ ਮਾਨ, ਹੰਸ ਰਾਜ ਹੰਸ ਵਰਗੇ ਸਥਾਪਤ ਗਾਇਕਾਂ ਤੱਕ ਨੂੰ ਪੇਸ਼ ਕਰਨ ਦਾ ਮਾਣ ਹਾਸਲ ਹੈ। ਉਹ ਅਪਣੇ ਪਤੀ ਹਰਮੋਹਨ ਸਿੰਘ ਅਤੇ ਧੀ ਸੁਕ੍ਰਿਤੀ ਨਾਲ ਕੈਲੀਫੋਰਨੀਆਂ ਦੇ ਸ਼ਹਿਰ ਵਾਟਸਨਵਿਲ ਵਿਖੇ ਰਹਿੰਦੀ ਹੋਈ ਰੇਡੀਓ ਗੀਤ ਸੰਗੀਤ ਨੂੰ ਚਲਾਉਂਦੀ ਹੈ । ਵੇਖਿਆ ਜਾਵੇ ਤਾਂ ਉੱਤਰੀ ਅਮਰੀਕਾ ‘ਚ ਕੋਈ ਵੀ ਮਿਆਰੀ ਸਭਿਆਚਾਰਕ, ਸਾਹਿਤਕ ਅਤੇ ਸਮਾਜਿਕ ਅਤੇ ਪ੍ਰੋਗਰਾਮ ਆਸ਼ਾ ਸ਼ਰਮਾ ਬਿਨ੍ਹਾਂ ਨੇਪਰੇ ਨਹੀਂ ਚੜ੍ਹਦਾ। ਯੂਬਾ ਸਿਟੀ ਦੇ ਨਗਰ ਕੀਰਤਨ ਸਮੇਤ ਹੋਰ ਧਾਰਮਿਕ ਪ੍ਰੋਗਰਾਮਾਂ ਵਿੱਚ ਵੀ ਆਸ਼ਾ ਸ਼ਰਮਾ ਨੂੰ ਜਿਹੜਾ ਮਾਣ ਸਤਿਕਾਰ ਮਿਲਦਾ ਹੈ ਉਹ ਹੋਰ ਕਿਸੇ ਕਲਾਕਾਰ ਦੇ ਸ਼ਾਇਦ ਹੀ ਕਦੇ ਹਿੱਸੇ ਆਇਆ ਹੋਵੇ। ਉਸੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅੰਗਰੇਜ਼ੀ ਦੀ ਐਮ ਏ ਤੇ ਬੀਐਡ ਪਾਸ ਕਰਨ ਬਾਅਦ ਆਸ਼ਾ ਸ਼ਰਮਾ ਨੇ ਕਾਫ਼ੀ ਸਮਾਂ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫ਼ਤਰ ਵਿਚ ਪ੍ਰੋਜੈਕਟ ਅਫ਼ਸਰ ਵਜੋਂ ਕੰਮ ਕੀਤਾ। ਪ੍ਰੋ. ਮੋਹਨ ਸਿੰਘ, ਧਨੀ ਰਾਮ ਚਾਤ੍ਰਿਕ, ਸਰਮਦ (ਰੂਬਾਈਆਂ), ਸ਼ਿਵ ਬਟਾਲਵੀ, ਬਾਵਾ ਬਲਵੰਤ ਵਰਗੇ ਕਵੀਆਂ ਦੀ ਸ਼ਾਇਰੀ ਦਾ ਉਸ ‘ਤੇ ਡੂੰਘਾ ਪ੍ਰਭਾਵ ਹੈ। ਸਦਾ ਬਹਾਰ ਗੀਤ ‘ਆਪਾਂ ਦੋਵੇਂ ਰੁੱਸ ਬੈਠੇ ਤਾਂ ਮਨਾਊ ਕੌਣ ਵੇ‘ ਲਿਖਣ ਵਾਲਾ ਗੀਤਕਾਰ ਹਰਜਿੰਦਰ ਕੰਗ ਉਸ ਦਾ ਉਸਤਾਦ ਹੈ। ਪੰਜਾਬੀ ਉਸ ਦੇ ਇਕ ਇਕ ਲਫ਼ਜ਼ ‘ਤੇ ਡਾਲਰਾਂ ਦਾ ਮੀਂਹ ਵਰ੍ਹਾਉਂਦੇ ਹਨ। ਗੁਰਦਾਸ ਮਾਨ ਨੇ ਉਸ ਨੂੰ ਪੰਜਾਬੀ ਜਗਤ ਦੀ ਤਬੱਸੁਮ ਦਾ ਦਰਜਾ ਦਿੱਤਾ ਹੈ। ਇਹ ਤਬੱਸੁਮ ਹੈ ਮਾਲਵੇ ਨਾਲ ਸਬੰਧਤ ਅਤੇ ਇਸ ਸਮੇਂ ਅਮਰੀਕਾ ਰਹਿ ਰਹੀ ਆਸ਼ਾ ਸ਼ਰਮਾ। ਪੇਸ਼ ਹਨ ਉਸ ਨਾਲ ਦੀ ***ਸੰਡੇ ਇੰਡੀਅਨ ਦੀ ਜਤਿੰਦਰ ਕੌਰ ਵਲੋਂ ਕੀਤੀ ਗਈ ਮੁਲਾਕਾਤ*** ਦੇ ਕੁਝ ਅੰਸ਼ ...

**ਸਭ ਤੋਂ ਪਹਿਲਾਂ ਆਪਣੇ ਪਿਛੋਕੜ ਬਾਰੇ ਦੱਸੋ?**

* ਮੈਂ ਬਰਨਾਲੇ ਦੀ ਰਹਿਣ ਵਾਲੀ ਹਾਂ। ਮੇਰੇ ਪਿਤਾ ਜੀ ਅਧਿਆਪਕ ਸਨ ਤੇ ਮਾਂ ਘਰੇਲੂ ਔਰਤ ਸੀ, ਪਰ ਉਨ੍ਹਾਂ ਨੂੰ ਸਾਹਿਤ ਦਾ ਬਹੁਤ ਸ਼ੌਕ ਸੀ। ਮੇਰੇ ਪਿਤਾ ਜੀ ਬੋਲੀ ਦੇ ਉਚਾਰਨ ਵੱਲ ਬਹੁਤ ਧਿਆਨ ਦਿੰਦੇ ਸਨ। ਉਨ੍ਹਾਂ ਹੀ ਬਚਪਨ ਵਿਚ ਉਚਾਰਨ ਨੂੰ ਸੁਧਾਰਿਆ। ਉਹ ਹਮੇਸ਼ਾ ਹੀ ਚੰਗਾ ਕੰਮ ਕਰਨ ਅਤੇ ਅੱਗੇ ਵਧਣ ਦੀ ਪ੍ਰੇਰਨਾ ਦਿੰਦੇ ਸਨ। ਉਨ੍ਹਾਂ ਕਾਰਨ ਹੀ ਮੈਨੂੰ ਵੀ ਛੋਟੇ ਹੁੰਦਿਆਂ ਹੀ ਸਾਹਿਤ ਪੜ੍ਹਨ ਅਤੇ ਸਟੇਜ ‘ਤੇ ਬੋਲਣ ਦੀ ਚੇਟਕ ਲੱਗੀ। ਅਸੀਂ ਦੋ ਭੈਣਾਂ ਤੇ ਇਕ ਭਰਾ ਹਾਂ। ਮੈਂ ਹਮੇਸ਼ਾ ਹੀ ਸਕੂਲ ਤੋਂ ਲੈ ਕੇ ਕਾਲਜ ਤੱਕ ਕਵਿਤਾ ਉਚਾਰਨ, ਭਾਸ਼ਣ, ਡੀਬੇਟ ‘ਚ ਵੱਧ ਚੜ੍ਹ ਕੇ ਹਿੱਸਾ ਲਿਆ। ਪੜ੍ਹਾਈ ਦੌਰਾਨ ਇਕ ਛੋਟੇ ਛੋਟੇ ਫੰਕਸ਼ਨਾਂ ਦੌਰਾਨ ਸਟੇਜ ਸੰਚਾਲਨ ਦਾ ਮੌਕਾ ਮਿਲਿਆ। ਐਸ ਡੀ ਕਾਲਜ ਬਰਨਾਲਾ ਤੋਂ ਮੈਨੂੰ ਆਲ ਰਾਊਂਡ ਬੈਸਟ ਪ੍ਰਫਾਰਮਰ ਦਾ ਐਵਾਰਡ ਵੀ ਮਿਲਿਆ।

**ਸਟੇਜੀ ਪੇਸ਼ਕਾਰੀ ਵੱਲ ਕਦੋਂ ਆਏ?**

* ਜਿਵੇਂ ਕਿ ਮੈਂ ਪਹਿਲਾਂ ਹੀ ਦੱਸਿਆ ਕਿ ਮੈਂ ਸਕੂਲੀ ਤੇ ਕਾਲਜ ਦੇ ਦਿਨਾਂ ਦੌਰਾਨ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੀ ਸਾਂ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅੰਗਰੇਜ਼ੀ ਦੀ ਐਮਏ ਕਰਦਿਆਂ ਮੇਰੇ ਅਧਿਆਪਕਾਂ ਨੇ ਮੈਨੂੰ ਬਹੁਤ ਉਤਸ਼ਾਹਤ ਕੀਤਾ। ਮੈਂ ਯੂਨੀਵਰਸਿਟੀ ਦੇ ਬਹੁਤ ਸਾਰੇ ਪ੍ਰੋਗਰਾਮਾਂ ਵਿਚ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਈ। ਮੈਨੂੰ ਹਮੇਸ਼ਾ ਹੀ ਇਹ ਲਗਦਾ ਸੀ ਕਿ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸਿਰਫ਼ ਸਵਾਗਤੀ, ਧੰਨਵਾਦੀ ਲਫ਼ਜ਼ ਕਹਿਣ ਅਤੇ ਬੁਲਾਰਿਆਂ ਦੀ ਜਾਣ ਪਛਾਣ ਕਰਵਾਉਣ ਤੱਕ ਹੀ ਸੀਮਤ ਨਹੀਂ ਹੋਣੀ ਚਾਹੀਦੀ। ਪੇਸ਼ਕਾਰੀ ‘ਚ ਇਕ ਅਜਿਹਾ ਵੱਖਰਾਪਣ ਹੋਣਾ ਚਾਹੀਦਾ ਹੈ, ਜਿਸ ਤੋਂ ਸਟੇਜ ਸੰਚਾਲਕ ਦੀ ਅਹਿਮੀਅਤ ਦਾ ਵੀ ਪਤਾ ਲੱਗੇ। ਉਦਾਹਰਣ ਵਜੋਂ ਸਲਾਦ ਤਾਂ ਸਾਰੇ ਹੀ ਕੱਟ ਲੈਂਦੇ ਹਨ, ਪਰ ਉਸ ਨੂੰ ਸਲੀਕੇ ਨਾਲ ਪੇਸ਼ ਕਰਨ ਦਾ ਵਲ ਕਿਸੇ ਕਿਸੇ ਕੋਲ ਹੀ ਹੁੰਦਾ ਹੈ। ਬਿਲਕੁਲ ਇਹੀ ਗੱਲ ਇਥੇ ਵੀ ਢੁੱਕਦੀ ਹੈ। ਪੰਜਾਬੀ ਕਵਿਤਾ ਉਚਾਰਨ ਦਾ ਸ਼ੌਕ ਤਾਂ ਮੈਨੂੰ ਸ਼ੁਰੂ ਤੋਂ ਹੀ ਸੀ। ਇਸਦਾ ਮੈਨੂੰ ਬਹੁਤ ਫਾਇਦਾ ਹੋਇਆ। ਮੈਂ ਚਾਹੁੰਦੀ ਸਾਂ ਕਿ ਪੰਜਾਬੀ ਕਵਿਤਾ ਸਟੇਜਾਂ ‘ਤੇ ਵੀ ਜਾਵੇ। ਛੋਟੇ ਮੋਟੇ ਪ੍ਰੋਗਰਾਮ ਤਾਂ ਮੈਂ ਪਹਿਲਾਂ ਵੀ ਕਰਦੀ ਸਾਂ, ਪਰ 1992 ਤੋਂ ਬਾਅਦ ਮੈਂ ਤਕਰੀਬਨ ਪੂਰੀ ਤਰ੍ਹਾਂ ਇਸ ਖੇਤਰ ਵਿਚ ਆ ਗਈ। ਉਦੋਂ ਮੋਹਾਲੀ ਵਿਚ ਇਕ ਸੱਭਿਆਚਾਰਕ ਪ੍ਰੋਗਰਾਮ ਹੋਇਆ। ਮੈਂ ਗੁਰਦਾਸ ਮਾਨ, ਸੁਰਜੀਤ ਬਿੰਦਰਖੀਏ ਵਰਗੇ ਨਾਮਵਰ ਗਾਇਕਾਂ ਨੂੰ ਸਟੇਜ ਤੋਂ ਪੇਸ਼ ਕੀਤਾ। ਜਦੋਂ ਮੈਂ ਗੁਰਦਾਸ ਮਾਨ ਨੂੰ ਪੇਸ਼ ਕਰਕੇ ਸਟੇਜ ਤੋਂ ਹੇਠਾਂ ਆਉਣ ਲੱਗੀ ਤਾਂ ਉਸ ਨੇ ਮੈਨੂੰ ਉਥੇ ਹੀ ਰੋਕ ਲਿਆ ਅਤੇ ਮਾਈਕ ਫੜ ਕੇ ਆਖਿਆ ਕਿ ਅੱਜ ਪੰਜਾਬ ਨੂੰ ਵੀ ਤਬੱਸੁਮ ਮਿਲ ਗਈ ਹੈ। ਇਹ ਮੇਰੇ ਲਈ ਸਭ ਤੋਂ ਵੱਡਾ ਮਾਣ ਸੀ। ਇਸ ਨੇ ਮੈਨੂੰ ਹੋਰ ਮਿਹਨਤ ਕਰਨ ਲਈ ਉਤਸ਼ਾਹਤ ਕੀਤਾ।

**ਖਾਸ ਤੌਰ ‘ਤੇ ਕੁੜੀਆਂ ਵਾਸਤੇ ਇਸ ਕਿੱਤੇ ਨੂੰ ਬਹੁਤ ਚੰਗੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ। ਤੁਹਾਨੂੰ ਸ਼ੁਰੂ ਵਿਚ ਕਿਸ ਤਰ੍ਹਾਂ ਦੀਆਂ ਮੁਸ਼ਕਲਾਂ ਆਈਆਂ?**

* ਸ਼ੁਰੂ ਸ਼ੁਰੂ ਵਿਚ ਥੋੜੀ ਬਹੁਤ ਸਮੱਸਿਆ ਆਈ। ਘਰ ਦੇ ਇਸ ਕੰਮ ਨੂੰ ਬਹੁਤ ਪਸੰਦ ਨਹੀਂ ਕਰਦੇ ਸਨ। ਪਰ ਜਦੋਂ ਮੇਰੇ ਕੰਮ ਦੀ ਸ਼ਲਾਘਾ ਹੋਣ ਲੱਗੀ ਤਾਂ ਉਨ੍ਹਾਂ ਹੌਲੀ ਹੌਲੀ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ। ਵਿਆਹ ਤੋਂ ਬਾਅਦ ਸਭ ਤੋਂ ਵੱਡਾ ਸਹਿਯੋਗ ਮੇਰੇ ਪਤੀ ਹਰਮੋਹਨ ਸਿੰਘ ਦਾ ਰਿਹਾ, ਜਿਨ੍ਹਾਂ ਮੈਨੂੰ ਹੋਰ ਅੱਗੇ ਵਧਣ ਲਈ ਪ੍ਰੇਰਿਆ ਅਤੇ ਪੂਰਾ ਸਾਥ ਦਿੱਤਾ। ਅੱਜ ਮੈਂ ਜਿਥੇ ਵੀ ਹਾਂ ਅਤੇ ਜੋ ਕੁਝ ਵੀ ਹਾਂ, ਉਹ ਆਪਣੇ ਪਤੀ ਦੇ ਸਹਿਯੋਗ ਦੀ ਬਦੌਲਤ ਹਾਂ।

**ਤੁਹਾਡੀ ਚੰਗੀ ਭਲੀ ਸਰਕਾਰੀ ਨੌਕਰੀ ਸੀ। ਫਿਰ ਇਸ ਖੇਤਰ ਵੱਲ ਆਉਣ ਦਾ ਰਿਸਕ ਕਿਵੇਂ ਲਿਆ, ਜਿਸ ‘ਚ ਅਨਿਸਚਤਤਾ ਵੀ ਕਾਫ਼ੀ ਹੈ?**

* ਬਸ, ਇਕ ਜਨੂੰਨ ਸੀ, ਮਾਂ ਬੋਲੀ ਨੂੰ ਲੋਕਾਂ ਤੱਕ ਪਹੁੰਚਾਉਣ ਦਾ। ਮੈਂ ਹਮੇਸ਼ਾ ਹੀ ਸ਼ਬਦਾਂ ਦੇ ਉਚਾਰਨ ਵੱਲ ਬਹੁਤ ਧਿਆਨ ਦਿੱਤਾ ਹੈ। ਇਹੀ ਚੀਜ਼ ਮੇਰੇ ਕੰਮ ਆਈ। ਹਾਂ, ਰਿਸਕ ਤਾਂ ਸੀ, ਪਰ ਇਹ ਵੀ ਭਰੋਸਾ ਸੀ ਕਿ ਆਪਣੀ ਵਿਲੱਖਣ ਸ਼ੈਲੀ ਅਤੇ ਪ੍ਰਤਿਭਾ ਦੇ ਸਿਰ ‘ਤੇ ਮੈਨੂੰ ਇਸ ਖੇਤਰ ਵਿਚ ਕਿਸੇ ਤਰ੍ਹਾਂ ਦੀ ਥੋੜ੍ਹ ਨਹੀਂ ਆਵੇਗੀ।

**ਇਸ ਖੇਤਰ ‘ਚ ਵਿਚਰਦਿਆਂ ਵਾਪਰੀ ਕੋਈ ਖਾਸ ਘਟਨਾ?**

* ਘਟਨਾਵਾਂ ਤਾਂ ਬਹੁਤ ਨੇ। ਪਰ ਉਨ੍ਹਾਂ ਵਿਚੋਂ ਤਿੰਨ ਅਜਿਹੀਆਂ ਹਨ, ਜਿਹੜੀਆਂ ਮੈਨੂੰ ਕਦੇ ਨਹੀਂ ਭੁੱਲਦੀਆਂ। ਸ਼ੁਰੂਆਤੀ ਦਿਨਾਂ ਦੀ ਗੱਲ ਹੈ। ਮੈਂ ਨਾਮਵਰ ਪੰਜਾਬੀ ਗਾਇਕਾਂ ਦੇ ਇਕ ਟਰੁੱਪ ਨਾਲ ਵਿਦੇਸ਼ ਪ੍ਰੋਗਰਾਮ ਕਰਨ ਗਈ ਹੋਈ ਸੀ। ਜਦੋਂ ਮੈਂ ਸਟੇਜ ਤੋਂ ਬੋਲ ਕੇ ਹੇਠਾਂ ਉਤਰ ਕੇ ਆਪਣੀ ਸੀਟ ‘ਤੇ ਬੈਠੀ ਤਾਂ ਪਿੱਛੇ ਬੈਠੀਆਂ ਦੋ ਬੀਬੀਆਂ ਆਪਸ ਵਿਚ ਗੱਲਾਂ ਕਰਦੀਆਂ ਕੰਨੀਂ ਪਈਆਂ, *‘ਤੇਰੇ ਮੁੰਡੇ ਦੀ ਵਹੁਟੀ ਬਾਹਰ ਨਹੀਂ ਬੋਲਦੀ, ਪਰ ਘਰ ਤੇਰਾ ਬੁਰਾ ਹਾਲ ਕਰਦੀ ਹੈ। ਇਹ ਤਾਂ ਬਾਹਰ ਹੀ ਏਨਾ ਬੋਲਦੀ ਆ, ਇਹ ਦਾ ਘਰ ਕੀ ਹਾਲ ਹੁੰਦਾ ਹੋਊਗਾ।’* ਸੁਣ ਕੇ ਮੈਨੂੰ ਹਾਸਾ ਆ ਗਿਆ। ਦੂਜਾ ਵਾਕਿਆ ਪਿਛਲੇ ਵਰ੍ਹੇ

